# ਪੁਰਸ਼ ਜਿਨਸੀ ਸ਼ੋਸ਼ਣ ਬਾਰੇ ਸਵਾਲਾਂ ਦੇ ਜਵਾਬ ਦੇਣਾ

### ਪੁਰਸ਼ ਜਿਨਸੀ ਸ਼ੋਸ਼ਣ ਕੀ ਹੈ?

SurvivorsUK ਪੁਰਸ਼ ਜਿਨਸੀ ਸ਼ੋਸ਼ਣ ਨੂੰ ਇੱਕ ਬੇਲੋੜੇ ਜਾਂ ਗੈਰ-ਰਜ਼ਾਮੰਦੀ ਵਾਲੇ ਜਿਨਸੀ ਕਾਰਜ ਵਜੋਂ ਪਰਿਭਾਸ਼ਿਤ ਕਰਦੀ ਹੈ ਜੋ ਕਿਸੇ ਪੁਰਸ਼ ਜਾਂ ਲੜਕੇ ਦੇ ਖਿਲਾਫ ਉਹਨਾਂ ਦੇ ਜੀਵਨ ਵਿੱਚ ਕਿਸੇ ਵੀ ਸਮੇਂ ਕੀਤਾ ਜਾਂਦਾ ਹੈ।

### ਇਹ ਕਿਸ ਨਾਲ ਵਾਪਰ ਸਕਦਾ ਹੈ?

ਸਰਲ ਸ਼ਬਦਾਂ ਵਿੱਚ, ਇਹ ਕਿਸੇ ਨਾਲ ਵੀ ਵਾਪਰ ਸਕਦਾ ਹੈ। ਹੋ ਸਕਦਾ ਹੈ ਇਹ ਉਸ ਸਮੇਂ ਵਾਪਰਿਆ ਹੋਵੇ ਜਦ ਤੁਸੀਂ ਇੱਕ ਬੱਚੇ ਜਾਂ ਅੱਲ੍ਹੜ ਮੁੰਡੇ ਸੀ, ਜਾਂ ਇੱਕ ਬਾਲਗ ਵਜੋਂ ਵਾਪਰਿਆ ਹੋ ਸਕਦਾ ਹੈ।

### ਇਹ ਕਿੰਨੇ ਕੁ ਵਾਰ ਵਾਪਰਦਾ ਹੈ?

ਲੋਕਾਂ ਦੇ ਸੋਚਣ ਨਾਲੋਂ ਬਹੁਤ ਵਧੇਰੇ ਵਾਰ।

ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਵਾਸਤੇ ਪ੍ਰਕਾਸ਼ਿਤ ਕੀਤੇ ਅੰਕੜੇ (2007) ਸਾਨੂੰ ਦੱਸਦੇ ਹਨ ਕਿ ਕਿਸੇ ਵੀ ਦਿੱਤੇ ਗਏ ਸਮੇਂ 16 ਸਾਲ ਤੋਂ ਘੱਟ ਉਮਰ ਦੇ 11% ਲੜਕੇ ਕਿਸੇ ਕਿਸਮ ਦੇ ਜਿਨਸੀ ਸ਼ੋਸ਼ਣ ਦੇ ਪੀੜਤ ਹੁੰਦੇ ਹਨ।

ਵਰਤਮਾਨ ਆਬਾਦੀ ਦੇ ਹਿਸਾਬ ਨਾਲ, ਇਹ 700,000 ਤੋਂ ਵੱਧ ਪੀੜਤ ਹੋ ਜਾਂਦੇ ਹਨ। ਇਹ ਦਰਸਾਉਂਦਾ ਹੈ ਕਿ ਯੂਕੇ ਵਿੱਚ ਬਚਪਨ ਵਿੱਚ ਜਿਨਸੀ ਸ਼ੋਸ਼ਣ ਤੋਂ ਬਚ ਨਿਕਲਣ ਵਾਲੇ 2 ਮਿਲੀਅਨ ਤੋਂ ਵਧੇਰੇ ਬਾਲਗ ਪੁਰਸ਼ ਹਨ।

ਇਹੀ ਰਿਪੋਰਟਾਂ ਸਾਨੂੰ ਦੱਸਦੀਆਂ ਹਨ ਕਿ ਬਾਲਗਪਣ ਵਿੱਚ, 3.5% ਮਰਦਾਂ 'ਤੇ ਜਿਨਸੀ ਹਮਲਾ ਕੀਤਾ ਗਿਆ ਹੈ, ਜੋ 905,000 ਹਮਲੇ ਅਤੇ 120,000 ਬਲਾਤਕਾਰ ਬਣ ਜਾਂਦੇ ਹਨ।

ਯਾਨੀ ਕਿ ਬਾਲਗ ਪੁਰਸ਼ਾਂ ਦੇ ਖਿਲਾਫ ਇੱਕ ਮਿਲੀਅਨ ਤੋਂ ਵਧੇਰੇ ਜਿਨਸੀ ਹਮਲੇ। 1,000 ਤੋਂ ਵਧੇਰੇ ਪੁਰਸ਼ ਹਰ ਸਾਲ ਪੁਲਿਸ ਕੋਲ ਬਲਾਤਕਾਰ ਕੀਤੇ ਜਾਣ ਦੀ ਰਿਪੋਰਟ ਕਰਦੇ ਹਨ ਅਤੇ ਪੁਲਿਸ ਅਤੇ ਵਿਭਾਗ ਮੰਨਦੇ ਹਨ ਕਿ ਇਸਦੇ ਅਸਲੀ ਸੰਖਿਆ ਦੇ 10% ਤੋਂ ਵੀ ਘੱਟ ਹੋਣ ਦੀ ਸੰਭਾਵਨਾ ਹੈ।

ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਦੀ 2013 ਵਾਸਤੇ ਰਿਪੋਰਟ "ਐਨ ਓਵਰਵਿਊ ਆਫ ਸੈਕਸੂਅਲ ਔਫੈਂਡਿੰਗ ਇਨ ਇੰਗਲੈਂਡ ਐਂਡ ਵੇਲਜ਼" ("An Overview of Sexual Offending in England and Wales" ) ਬਿਆਨ ਕਰਦੀ ਹੈ ਕਿ ਪਿਛਲੇ 12 ਮਹੀਨਿਆਂ ਵਿੱਚ ਪੁਰਸ਼ਾਂ ਦੇ ਖਿਲਾਫ 72,000 ਜਿਨਸੀ ਹਮਲੇ ਹੋਏ ਸਨ।

### ਕੀ ਔਰਤਾਂ ਵੀ ਸ਼ੋਸ਼ਣਕਰਤਾ ਹੁੰਦੀਆਂ ਹਨ?

ਹਾਂ। ਹਾਲੀਆ ਖੋਜ (ਅਮਰੀਕਨ, ਕੈਨੇਡੀਅਨ ਅਤੇ ਆਸਟਰੇਲੀਅਨ) ਸੰਕੇਤ ਕਰਦੀ ਹੈ ਕਿ ਸਾਰੇ ਬੱਚਿਆਂ ਦੇ ਜਿਨਸੀ ਸ਼ੋਸ਼ਣਕਾਰੀਆਂ ਵਿੱਚੋਂ 25% ਔਰਤਾਂ ਹੁੰਦੀਆਂ ਹਨ। ਇਹੋ ਅਧਿਐਨ ਸਾਨੂੰ ਦੱਸਦੇ ਹਨ ਕਿ ਲੜਕਿਆਂ ਦੀ ਜਿਨਸੀ ਹਿੰਸਾ ਦੇ ਲਗਭਗ 40% ਵਾਸਤੇ ਔਰਤਾਂ ਜ਼ਿੰਮੇਵਾਰ ਹੁੰਦੀਆਂ ਹਨ।

## ਅਗਲੇਰੀ ਪੜ੍ਹਾਈ

ਬਚ ਨਿਕਲਣ ਵਾਲੇ ਜਿਨਸੀ ਸ਼ੋਸ਼ਣ ਬਾਰੇ ਕਈ ਗਲਤ-ਫਹਿਮੀਆਂ ਨਾਲ ਨਿਪਟਦੇ ਹਨ – ਇਹ ਪੰਨਾ ਕੁਝ ਮਿਥਾਂ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ।

ਜੇ ਤੁਸੀਂ ਕਨੂੰਨ ਅਤੇ ਜਿਨਸੀ ਸ਼ੋਸ਼ਣ ਬਾਰੇ ਵਧੇਰੇ ਜਾਣਨਾ ਪਸੰਦ ਕਰਦੇ ਹੋ, ਤਾਂ ਇਸ ਵਿਸ਼ੇ ’ਤੇ ਸਾਡੇ ਪੰਨੇ ਨੂੰ ਪੜ੍ਹੋ।